## ਅਧਿਆਇ 7

# ਅੱਯੂਬ ਦਾ ਉੱਤਰ

## (ਭਾਗ 2)

### ਜੀਵਨ ਦਾ ਅਕਾਊ ਸੁਭਾਅ (7:1-6)

**[1]ਕੀ ਮਨੁੱਖ ਲਈ ਧਰਤੀ ਉੱਤੇ ਕਸ਼ਟ ਨਹੀਂ? ਅਤੇ ਉਹ ਦੇ ਦਿਨ ਮਜ਼ੂਰ ਦੇ ਦਿਨ ਨਹੀਂ?
[2]ਜਿਵੇਂ ਗੋੱਲਾ ਛਾਂ ਨੂੰ ਲੋਚਦਾ ਹੈ, ਅਤੇ ਮਜ਼ੂਰ ਆਪਣੀ ਮਜ਼ੂਰੀ ਨੂੰ ਉਡੀਕਦਾ ਹੈ, [3]ਤਿਵੇਂ ਮੈਂ
ਅਨਰਥ ਦੇ ਮਹੀਨਿਆਂ ਦਾ ਮਾਲਕ ਬਣਾਇਆ ਗਿਆ ਹਾਂ, ਅਤੇ ਕਲੇਸ਼ ਦੀਆਂ ਰਾਤਾਂ ਮੇਰੇ
ਲਈ ਠਹਿਰਾਈਆਂ ਗਈਆਂ ਹਨ। [4]ਜਦ ਮੈਂ ਲੰਮਾ ਪੈਂਦਾ ਹਾਂ ਤਾਂ ਮੈਂ ਕਹਿੰਦਾ ਹਾਂ, ਮੈਂ ਕਦ
ਉੱਠਾਂਗਾ? ਪਰ ਰਾਤ ਲੰਮੀ ਹੁੰਦੀ ਹੈ, ਅਤੇ ਮੈਂ ਪਹਿ ਫਟੇ ਤੀਕੁਰ ਪਾਸੇ ਲੈਂਦਾ ਲੈਂਦਾ ਥੱਕ
ਜਾਂਦਾ ਹਾਂ। [5]ਮੇਰਾ ਸਰੀਰ ਕੀੜਿਆਂ ਤੇ ਖ਼ਾਕ ਦੇ ਢੇਲਿਆਂ ਨਾਲ ਢੱਕਿਆ ਹੋਇਆ ਹੈ, ਮੇਰੀ
ਖੱਲ ਆਕੜ ਜਾਦੀ ਫਿਰ ਪਾਕ ਵਗ ਪੈਂਦੀ ਹੈ। [6]ਮੇਰੇ ਦਿਨ ਜੁਲਾਹੇ ਦੀ ਨਾਲ ਤੋਂ ਵੀ ਕਾਹਲੇ
ਹਨ, ਅਤੇ ਆਸ ਤੋਂ ਬਿਨਾ ਬੀਤਦੇ ਹਨ।**

ਜਿਵੇਂ ਕਿ ਅੱਯੂਬ ਨੇ ਆਪਣੀ ਗੱਲ ਨੂੰ ਜਾਰੀ ਰੱਖਿਆ, ਉਸ ਨੇ ਆਪਣੇ ਨਿਰੰਤਰ ਦੁੱਖ ਨੂੰ ਵਿਸਥਾਰ ਨਾਲ ਦੱਸਿਆ। ਪੈਰ੍ਹੇ ਦੀ ਸਿਰਫ ਪਹਿਲੀ ਆਇਤ ਇਕ ਸਿੱਧਾ ਪ੍ਰਸ਼ਨ ਹੈ।

**ਆਇਤਾਂ 1, 2.** ਮਜ਼ੂਰ ਦੀ ਕਿਸਮਤ ਬਹੁਤ ਮੁਸ਼ਕਲ ਸੀ। ਇਹ ਕਾਮੇ ਆਮ ਤੌਰ ਤੇ ਬਹੁਤ ਕੰਗਾਲ ਹੁੰਦੇ ਸਨ (ਲੇਵੀਆਂ 25:39-55) ਅਤੇ ਉਨ੍ਹਾਂ ਨੇ ਇਕ ਸਮੇਂ ਇਕ ਦਿਨ ਲਈ ਆਪਣੇ ਆਪ ਨੂੰ ਭਾੜੇ ਤੇ ਦਿੱਤਾ ਸੀ (ਮੱਤੀ 20:1, 8)। ਉਹ ਆਪਣੇ ਪਰਿਵਾਰਾਂ ਲਈ ਰੋਜ਼ਾਨਾ ਭੋਜਨ ਮੁਹੱਈਆ ਕਰਾਉਣ ਲਈ ਬਹੁਤ ਘੱਟ **ਮਜ਼ੂਰੀ** ਕਰਦੇ ਸਨ (ਲੇਵੀਆਂ 19:13; ਬਿਵਸਥਾ ਸਾਰ 24:14, 15)। ਗੋੱਲਾ ਸਿਰਫ ਚੱਟਾਨ ਜਾਂ ਦਰੱਖਤ ਦੀ **ਛਾਂ** ਵਿਚ ਅਰਾਮ ਦੀ ਉਮੀਦ ਕਰ ਸਕਦਾ ਸੀ। ਐਲਬਰਟ ਬਾਰਨਸ ਨੇ ਮੱਧ ਪੂਰਬ ਵਿਚ ਆਪਣੇ ਤਜ਼ਰਬੇ ਤੋਂ ਇਕ ਨਿਰੀਖਣ ਕੀਤਾ ਸੀ:

> ਪੂਰਬੀ ਦੇਸ਼ਾਂ ਵਿਚ ਕੁਝ ਵੀ ਜ਼ਿਆਦਾ ਸ਼ੁਕਰਗੁਜ਼ਾਰ ਨਹੀਂ ਹੁੰਦਾ, ਜਦੋਂ ਸੂਰਜ ਤਪਦੀ ਰੇਤ ਤੇ ਇਕ ਦਰੱਖਤ ਦੀ ਛਾਂ ਜਾਂ ਚੱਟਾਨ ਦੀ ਛਾਂ ਨਾਲੋਂ ਜ਼ਿਆਦਾ ਡੂੰਘਾਈ ਨਾਲ ਡੁੱਬਦਾ ਹੈ। ਖੁੱਲ੍ਹੀ ਹਵਾ ਵਿਚ ਇਕ ਕਾਫ਼ਲੇ ਦੇ ਰੁਕਣ ਦੇ ਸਮੇਂ ਵੀ ਅਕਸਰ, ਜਦੋਂ ਲੇਖਕ ਚੱਟਾਨ ਜਾਂ ਕਿਸੇ ਪੁਰਾਣੀ ਕੰਧ ਦੇ ਆਸਰੇ ਹੇਠ ਠਿਕਾਣਿਆਂ ਲਈ ਇਕ ਥਾਂ ਸੁਰੱਖਿਅਤ ਕਰਨ ਦੇ ਯੋਗ ਹੋ ਜਾਂਦਾ ਹੈ, ਤਾਂ ਉਸ ਦਾ ਆਪਣਾ ਅਨੰਦ ਅਤੇ ਆਲੀਸ਼ਾਨ ਅਨੰਦ ਦੀ ਪ੍ਰਬਲ ਭਾਵਨਾ ਨੇ ਉਸ ਨੂੰ ਵਚਨ ਦੇ ਇਸ ਬੰਦ ਅਤੇ ਹੋਰ ਬੰਦਾਂ ਦੇ ਬਾਰੇ ਯਾਦ ਕਰਾਇਆ।[1]

**ਆਇਤਾਂ 3-6.** ਇਹ ਆਇਤਾਂ ਇਹ ਸੰਕੇਤ ਦਿੰਦੀਆਂ ਹਨ ਕਿ ਅੱਯੂਬ ਨੇ **ਮਹੀਨਿਆਂ**

ਤੱਕ ਦੁੱਖ ਝੱਲਿਆ ਸੀ। ਉਸ ਨੂੰ ਦਿਨ ਜਾਂ **ਰਾਤ** ਨੂੰ ਚੈਨ ਨਹੀਂ ਸੀ। ਫੋੜੇ ਜਿਨ੍ਹਾਂ ਵਿੱਚੋਂ ਪਾਕ ਵਗਦੀ ਸੀ ਠੀਕ ਹੋ ਕੇ ਫੇਰ ਉਭਰ ਆਉਂਦੇ ਸਨ। ਅਸੀਂ ਬਿਲਕੁਲ ਨਹੀਂ ਜਾਣਦੇ ਕਿ ਕਿਸ ਬਿਮਾਰੀ ਨੇ ਅੱਯੂਬ ਨੂੰ ਪ੍ਰਭਾਵਤ ਕੀਤਾ, ਪਰ ਇੱਥੇ ਅਤੇ ਹੋਰ ਥਾਵਾਂ ਤੇ ਦਿੱਤੇ ਗਏ ਵੇਰਵੇ ਇਹ ਦਰਸਾਉਂਦੇ ਹਨ ਕਿ ਇਹ ਬਹੁਤ ਦੁਖਦਾਈ ਸੀ। **ਮੇਰੇ ਦਿਨ ਜੁਲਾਹੇ ਦੀ ਨਾਲ ਤੋਂ ਵੀ ਵੱਧ ਕਾਹਲੇ ਹਨ।** ਜੁਲਾਹੇ ਦੀ ਨਾਲ ਖੱਡੀ ਉੱਤੇ ਇੰਨੀ ਤੇਜ਼ੀ ਨਾਲ ਚੱਲਦੀ ਸੀ ਕਿ ਇਸ ਨੂੰ ਵੇਖਣਾ ਮੁਸ਼ਕਲ ਸੀ। ਇਸ ਤਰ੍ਹਾਂ ਅੱਯੂਬ ਦੇ ਦਿਨ ਸਨ ਅਤੇ ਉਹ ਨਿਰਾਸ਼ਾ ਵਿਚ ਸੀ ਕਿ ਉਹ **ਆਸ ਤੋਂ ਬਿਨਾ ਬੀਤਦੇ** ਸਨ (4:6 ਤੇ ਟਿੱਪਣੀਆਂ ਵੇਖੋ)।

## ਜੀਵਨ ਦੀ ਸੰਖੇਪਤਾ (7:7-10)

**7ਚੇਤੇ ਰੱਖ ਕਿ ਮੇਰਾ ਜੀਵਨ ਸਾਹ ਹੀ ਹੈ, ਮੇਰੀ ਅੱਖ ਫੇਰ ਭਲਿਆਈ ਨਹੀਂ ਵੇਖੇਗੀ।**
**8ਮੇਰੇ ਵੇਖਣ ਵਾਲੇ ਦੀ ਅੱਖ ਮੈਨੂੰ ਫੇਰ ਨਹੀਂ ਵੇਖੇਗੀ, ਤੇਰੀਆਂ ਅੱਖਾਂ ਮੇਰੇ ਉੱਤੇ ਹੋਣਗੀਆਂ**
**ਪਰ ਮੈਂ ਨਾ ਹੋਵਾਂਗਾ। 9ਜਿਵੇਂ ਬੱਦਲ ਪਾਟ ਕੇ ਮੁੱਕ ਜਾਂਦਾ ਹੈ, ਤਿਵੇਂ ਉਹ ਜਿਹੜਾ ਪਤਾਲ**
**ਵਿੱਚ ਉਤਰਦਾ ਹੈ, ਫਿਰ ਉਤਾਹਾਂ ਨਹੀਂ ਆਉਂਦਾ, 10ਉਹ ਆਪਣੇ ਘਰ ਨੂੰ ਫੇਰ ਨਹੀਂ ਮੁੜਦਾ,**
**ਅਤੇ ਉਹ ਦਾ ਥਾਂ ਉਹ ਨੂੰ ਫੇਰ ਨਹੀਂ ਪਛਾਣੇਗਾ।**

**ਆਇਤ 7.** ਇਸ ਸਮੇਂ, ਅੱਯੂਬ ਆਪਣੇ ਮਿੱਤਰਾਂ ਨੂੰ ਸੰਬੋਧਿਤ ਕਰਨ ਤੋਂ ਸਿੱਧਾ ਪਰਮੇਸ਼ੁਰ ਨਾਲ ਗੱਲ ਕਰਨ ਦੀ ਵੱਲ ਮੁੜਿਆ। ਪੈਰ੍ਹਾ ਜ਼ਰੂਰੀ ਕਿਰਿਆ **ਚੇਤੇ ਰੱਖ** ਨਾਲ ਸ਼ੁਰੂ ਹੁੰਦਾ ਹੈ, ਜੋ ਕਿ ਇਬਰਾਨੀ ਵਿਚ ਮੱਧਮ ਪੁਰਖ ਇਕਵਚਨ ਹੈ। ਅੱਯੂਬ ਨੇ ਉਸ ਦੀ ਗੰਭੀਰ ਹਾਲਤ ਵਿਚ ਉਸ ਨੂੰ "ਚੇਤੇ ਰੱਖਣ" ਲਈ ਪਰਮੇਸ਼ੁਰ ਨੂੰ ਕਿਹਾ। ਵਚਨ ਵਿਚ ਅਕਸਰ ਜੀਵਨ ਦੀ ਤੁਲਨਾ **ਸਾਹ**, ਸਾਯੇ, ਜਾਂ ਭਾਫ਼ ਨਾਲ ਕੀਤੀ ਗਈ ਹੈ (8:9; 14:2; ਜ਼ਬੂਰਾਂ 39:5, 11; 144:4; ਉਪਦੇਸ਼ਕ ਦੀ ਪੋਥੀ 6:12; ਯਾਕੂਬ 4:14)। ਅੱਯੂਬ ਨਿਰਾਸ਼ ਸੀ ਕਿ ਉਹ **ਫੇਰ ਭਲਿਆਈ ਨਹੀਂ ਵੇਖੇਗਾ।**

**ਆਇਤਾਂ 8-10.** ਅੱਯੂਬ ਨੇ ਇਕ ਸਮੇਂ ਦੀ ਕਲਪਨਾ ਕੀਤੀ ਜਦੋਂ ਧਰਤੀ ਉੱਤੇ ਉਸ ਦੀ ਜ਼ਿੰਦਗੀ ਨਹੀਂ ਹੋਵੇਗੀ। **ਪਤਾਲ**, ਇਬਰਾਨੀ ਸ਼ਬਦ שְׁאוֹל *(ਸ਼ੀਓਲ)* ਦਾ ਬਦਲਵਾਂ ਰੂਪ, ਯੂਨਾਨੀ ਸ਼ਬਦ ᾅδης *(ਹੇਡਸ)* ਦੇ ਬਰਾਬਰ ਹੈ। "ਸ਼ੀਓਲ" ਮੂਲ ਕਿਰਿਆ ਤੋਂ ਲਿਆ ਗਿਆ ਸ਼ਬਦ ਹੈ ਜਿਸ ਦਾ ਅਰਥ ਹੈ "ਪੁੱਛੋ।" NASB ਬਾਈਬਲ ਵਿਚ ਕਈ ਵਾਰ ਇਸ ਦਾ ਅਨੁਵਾਦ "ਕਬਰ" ਕੀਤਾ ਗਿਆ ਹੈ, ਪਰ ਅਕਸਰ ਜ਼ਿਆਦਾਤਰ ਇਸ ਦਾ ਲਿੱਪੀਆਂਤਰਣ ਕੀਤਾ ਗਿਆ ਹੈ (ਜਿਵੇਂ ਕਿ ਮੌਜੂਦਾ ਹਾਲਤ ਵਿਚ ਹੈ)।[2] ਯੂਨਾਨੀ ਸ਼ਬਦ "ਪਤਾਲ" ਕਿਰਿਆ ਦੀ ਜੜ੍ਹ ਤੋਂ ਆਇਆ ਹੈ ਜਿਸ ਨੂੰ ਵੇਖਣ ਲਈ "α ਨਕਾਰਾਤਮਕ" ਨਾਲ ਵਰਤਿਆ ਜਾਂਦਾ ਹੈ ਜੋ ਕਿ "ਮੁਰਦਿਆਂ (ਚੰਗੇ ਜਾਂ ਬੁਰੇ) ਦੇ ਅਦਿੱਖ ਰਾਜ ਨੂੰ ਦਰਸਾਉਂਦਾ ਹੈ।"[3] ਅੱਯੂਬ ਨੇ ਕਿਹਾ ਕਿ ਜਿਹੜਾ ਵਿਅਕਤੀ ਪਤਾਲ ਵਿਚ ਜਾਂਦਾ ਹੈ **ਉਹ ਆਪਣੇ ਘਰ ਨੂੰ ਫੇਰ ਨਹੀਂ ਮੁੜਦਾ, ਅਤੇ ਉਹ ਦਾ ਥਾਂ ਉਹ ਨੂੰ ਫੇਰ ਨਹੀਂ ਪਛਾਣੇਗਾ।** ਦੂਜੇ ਸ਼ਬਦਾਂ ਵਿਚ, ਇਕ ਵਾਰ ਜਦੋਂ ਇਕ ਵਿਅਕਤੀ ਮਰ ਜਾਂਦਾ ਹੈ, ਉਹ "ਨਜ਼ਰੋਂ ਤਾਂ ਦੂਰ ਹੁੰਦਾ ਹੈ, ਪਰ ਮਨ ਤੋਂ ਵੀ ਦੂਰ ਹੋ ਜਾਂਦਾ ਹੈ।"

## ਜੀਵਨ ਦੀ ਕੜਵਾਹਟ (7:11-21)

**11ਏਸ ਲਈ ਮੈਂ ਆਪਣਾ ਮੂੰਹ ਬੰਦ ਨਾ ਕਰਾਂਗਾ, ਮੈਂ ਆਪਣੇ ਆਤਮਕ ਦੁਖ ਵਿੱਚ ਬੋਲਦਾ**

**ਜਾਵਾਂਗਾ, ਮੈਂ ਆਪਣੀ ਜਾਨ ਦੀ ਕੁੜੱਤਣ ਵਿੱਚ ਗਿਲਾ ਕਰਦਾ ਰਹਾਂਗਾ। 12ਕੀ ਮੈਂ ਸਮੁੰਦਰ
ਹਾਂ, ਜਾਂ ਜਲ ਜੰਤੂ, ਭਈ ਤੂੰ ਮੇਰੇ ਉੱਤੇ ਪਹਿਰਾ ਬਿਠਾਉਂਦਾ ਹੈਂ? 13ਜਦ ਮੈਂ ਆਖਦਾ ਭਈ
ਮੇਰੀ ਮੰਜੀ ਮੈਨੂੰ ਤਸੱਲੀ ਦੇਵੇਗੀ ਮੇਰਾ ਬਿਛੌਣਾ ਮੇਰੇ ਗਿਲੇ ਨੂੰ ਚੁੱਕ ਲਵੇਗਾ, 14ਤਦ ਤੂੰ ਮੈਨੂੰ
ਸੁਫ਼ਨਿਆਂ ਨਾਲ ਘਬਰਾ ਦਿੰਦਾ ਹੈਂ, ਅਤੇ ਮੈਨੂੰ ਦਰਸ਼ਣਾਂ ਨਾਲ ਡਰਾ ਦਿੰਦਾ ਹੈਂ, 15ਸੋ ਮੇਰੀ
ਜਾਨ ਫਾਂਸੀ ਨੂੰ ਅਤੇ ਮੌਤ ਨੂੰ ਮੇਰੀਆਂ ਹੱਡੀਆਂ ਨਾਲੋਂ ਅਧਿਕ ਚੁਣਦੀ ਹੈ। 16ਮੈਂ ਤੁੱਛ ਹਾਂ, ਮੈਂ
ਸਦਾ ਤੀਕ ਜੀਉਂਦਾ ਨਾ ਰਹਾਂਗਾ, ਮੈਨੂੰ ਛੱਡ ਦੇਹ ਕਿਉਂ ਜੋ ਮੇਰੇ ਦਿਨ ਸੁਆਸ ਹੀ ਹਨ।
17ਇਨਸਾਨ ਕੀ ਹੈ ਭਈ ਤੂੰ ਉਹ ਨੂੰ ਵਡਿਆਵੇਂ, ਅਤੇ ਆਪਣਾ ਦਿਲ ਉਸ ਉੱਤੇ ਲਾਵੇਂ? 18ਅਤੇ
ਹਰ ਸੁਬਹ ਉਹ ਦੀ ਖ਼ਬਰ ਲਵੇਂ, ਅਤੇ ਪਲ ਪਲ ਤੇ ਉਹ ਨੂੰ ਜਾਂਚੇ? 19ਤੂੰ ਕਦ ਤੀਕ ਮੇਰੀ
ਵੱਲ ਵੇਖਣੋਂ ਨਾ ਹਟੇਂਗਾ ਅਤੇ ਮੈਨੂੰ ਨਾ ਛੱਡੇਂਗਾ ਭਈ ਮੈਂ ਆਪਣੀ ਥੁੱਕ ਨਿੱਗਲ ਲਵਾਂ? 20ਜੇ
ਮੈਂ ਪਾਪ ਕੀਤਾ ਤਾਂ ਮੈਂ ਤੇਰਾ ਕੀ ਕੀਤਾ, ਹੇ ਆਦਮੀ ਦੇ ਰਾਖੇ? ਤੂੰ ਕਿਉਂ ਮੈਨੂੰ ਆਪਣਾ
ਨਿਸ਼ਾਨਾ ਬਣਾਇਆ ਹੈ, ਭਈ ਮੈਂ ਆਪਣੇ ਲਈ ਬੋਝ ਹੋ ਗਿਆ ਹਾਂ? 21ਅਤੇ ਤੂੰ ਮੇਰਾ ਅਪਰਾਧ
ਕਿਉਂ ਮਾਫ਼ ਨਹੀਂ ਕਰਦਾ, ਅਤੇ ਮੇਰੀ ਬਦੀ ਦੂਰ ਨਹੀਂ ਕਰਦਾ? ਮੈਂ ਤਾਂ ਹੁਣ ਖ਼ਾਕ ਵਿੱਚ ਜਾ
ਲੇਟਾਂਗਾ, ਅਤੇ ਤੂੰ ਮੈਨੂੰ ਢੂੰਡੇਂਗਾ ਪਰ ਮੈਂ ਹੋਵਾਂਗਾ ਨਹੀਂ।**

ਇਹ 7:7-10 ਵਿਚ ਦੱਸੇ ਗਏ ਕਾਰਣਾਂ ਕਰਕੇ ਹੈ ਕਿ ਅੱਯੂਬ ਨੇ ਆਪਣੇ ਜੀਵਨ ਦੀ ਕੜਵਾਹਟ ਦਾ ਐਲਾਨ ਕਰਕੇ ਆਪਣੇ ਆਪ ਦਾ ਭਾਰ ਹਲਕਾ ਕੀਤਾ ਸੀ।

**ਆਇਤ 11. ਏਸ ਲਈ ਮੈਂ ਆਪਣਾ ਮੂੰਹ ਬੰਦ ਨਾਂ ਕਰਾਂਗਾ।** ਆਪਣੇ ਵੱਡੇ ਦੁੱਖ ਦੇ ਕਾਰਨ, ਅੱਯੂਬ ਆਪਣੀ ਪ੍ਰਾਰਥਨਾ ਵਿਚ ਪਰਮੇਸ਼ੁਰ ਅੱਗੇ ਪੂਰੀ ਵਾਹ ਲਾਵੇਗਾ। ਉਸ ਨੇ ਉਮੀਦ ਕੀਤੀ ਕਿ ਪਰਮੇਸ਼ੁਰ, ਜਿਹੜਾ ਦਯਾ ਅਤੇ ਤਰਸ ਨਾਲ ਭਰਪੂਰ ਹੈ, ਉਸ ਦੀ ਦੁਹਾਈ ਨੂੰ ਸੁਣੇਗਾ ਅਤੇ ਉਸ ਦੀ ਬੇਨਤੀ ਦਾ ਜਵਾਬ ਦੇਵੇਗਾ। **ਮੈਂ ਆਪਣੇ ਆਤਮਕ ਦੁਖ ਵਿੱਚ ਬੋਲਦਾ ਜਾਵਾਂਗਾ, ਮੈਂ ਆਪਣੀ ਜਾਨ ਦੀ ਕੁੜੱਤਣ ਵਿੱਚ ਗਿਲਾ ਕਰਦਾ ਰਹਾਂਗਾ।** "ਦੁੱਖ" "ਬਾਹਰੀ ਤਾਕਤਾਂ ਦੁਆਰਾ ਪਰੇਸ਼ਾਨ ਹੋ ਕੇ ਦਬਾਅ ਪਾਉਣ ਦੇ ਜ਼ਜ਼ਬੇ ਦੇ ਭਾਵਨਾਤਮਕ ਤਜਰਬੇ" ਦਾ ਹਵਾਲਾ ਦਿੰਦਾ ਹੈ।[4] ਇਸੇ ਤਰ੍ਹਾਂ, "ਕੁੜੱਤਣ" "ਦਿਲ ਨੂੰ ਤੋੜਨ ਵਾਲੇ ਤਜਰਬੇ ਦੇ ਪ੍ਰਤੀ ਇਕ ਭਾਵਨਾਤਮਕ ਜਵਾਬ" ਹੈ।[5]

**ਆਇਤ 12. ਕੀ ਮੈਂ ਸਮੁੰਦਰ ਹਾਂ, ਜਾਂ ਜਲ ਜੰਤੂ, ਭਈ ਤੂੰ ਮੇਰੇ ਉੱਤੇ ਪਹਿਰਾ ਬਿਠਾਉਂਦਾ ਹੈਂ?** ਅੱਯੂਬ ਨੇ ਸੋਚਿਆ ਕਿ ਪਰਮੇਸ਼ੁਰ ਨੇ ਉਸ ਨੂੰ ਇਕ ਮਜ਼ਬੂਤ ਵਿਰੋਧੀ ਮੰਨਿਆ ਹੋਵੇਗਾ। ਜੌਨ ਈ. ਹਾਰਟਲੀ ਨੇ ਸੁਝਾਅ ਦਿੱਤਾ, "ਅਨੁੱਛੇਦ ਤੋਂ ਬਿਨਾ, 'ਸਮੁੰਦਰ' [יָם, *ਯਮ*] [ਪੁਰਾਣੇ ਨੇਮ] ਵਿਚ ਇਕ ਬ੍ਰਹਿਮੰਡੀ ਸ਼ਕਤੀ ਨੂੰ ਦਰਸਾਉਂਦਾ ਹੈ; ਹੋਰ ਮਸੋਪੋਤਾਮੀਆ ਸੱਭਿਆਚਾਰਾਂ ਵਿਚ ਸਮੁੰਦਰ ਨੂੰ ਤੁੱਛ ਸਮਝਿਆ ਗਿਆ ਸੀ।"[6] "ਜਲ ਜੰਤੂ" (תַּנִּין, *ਤਾਨਿਨ)* ਸ਼ਬਦ ਅੱਯੂਬ ਦੀ ਪੁਸਤਕ ਵਿਚ ਸਿਰਫ ਇੱਥੇ ਆਉਂਦਾ ਹੈ। ਇਸ ਸ਼ਬਦ ਦਾ ਅਨੁਵਾਦ "ਸੱਪ" (ਜ਼ਬੂਰ 91:13), "ਕੁੰਡਲੀਦਾਰ ਸੱਪ" (ਯਸਾਯਾਹ 27:1) ਅਤੇ "ਸਰਾਲ" (ਯਿਰਮਿਯਾਹ 51:34) ਵੀ ਕੀਤਾ ਗਿਆ ਹੈ। "ਪਹਿਰੇ" (מִשְׁמָר, *ਮਿਸ਼ਮਾਰ)* ਨੂੰ ਅੱਯੂਬ ਨੇ ਸੁਰੱਖਿਆ ਦੇ ਸਾਧਨ ਵਜੋਂ ਨਹੀਂ, ਬਲਕਿ "ਕੈਦ" ਵਜੋਂ ਵੇਖਿਆ ਸੀ।[7]

**ਆਇਤਾਂ 13, 14. ਮੰਜੀ** ਨੂੰ ਅਰਾਮ ਅਤੇ ਕਾਇਆਕਲਪ ਦਾ ਸਥਾਨ ਹੋਣਾ ਚਾਹੀਦਾ ਸੀ। ਇਸ ਦੀ ਬਜਾਇ, ਇਹ ਡਰ ਅਤੇ ਦਹਿਸ਼ਤ ਦਾ ਸਥਾਨ ਬਣ ਗਿਆ ਸੀ। **ਘਬਰਾ ਦਿੰਦਾ ਹੈ** (בָּעַת, *ਬਾਥ)* ਅੱਯੂਬ ਦੀ ਪੁਸਤਕ ਦੀਆਂ ਖ਼ਾਸ ਗੱਲਾਂ ਵਿੱਚੋਂ ਇਕ ਹੈ। ਪੁਰਾਣੇ ਨੇਮ ਵਿਚ ਕੁੱਲ ਤੇਰ੍ਹਾਂ ਵਾਰ ਵਿੱਚੋਂ ਜਿੱਥੇ ਕਿ ਇਹ ਤੀਬਰ ਰੂਪ ਵਿਚ ਆਉਂਦਾ ਹੈ, ਅੱਠ ਵਾਰ ਅੱਯੂਬ ਦੀ

ਪੁਸਤਕ ਵਿਚ ਆਉਂਦਾ ਹੈ (3:5; 7:14; 9:34; 13:11, 21; 15:24; 18:11; 33:7)।[8]

**ਆਇਤਾਂ 15, 16.** ਇਨ੍ਹਾਂ ਵਿਚਾਰਾਂ ਨੇ ਅੱਯੂਬ ਨੂੰ ਇਹ ਕਹਿਣ ਲਈ ਪ੍ਰੇਰਿਤ ਕੀਤਾ ਕਿ ਲਗਾਤਾਰ ਦੁੱਖ ਝੱਲਣ ਦੀ ਬਜਾਇ ਉਸ ਦੇ ਲਈ ਮਰ ਜਾਣਾ ਹੀ ਚੰਗਾ ਸੀ। ਉਸ ਨੇ ਆਪਣੀ ਅਟੱਲ **ਮੌਤ** ਦੀ ਉਡੀਕ ਕੀਤੀ। ਇਕ ਵਾਰ ਫੇਰ, ਉਸ ਨੇ ਆਪਣੀ ਜ਼ਿੰਦਗੀ ਦੀ ਤੁਲਨਾ **ਸੁਆਸ** ਨਾਲ ਕੀਤੀ (7:7 ਤੇ ਟਿੱਪਣੀਆਂ ਵੇਖੋ)।

**ਆਇਤ 17. ਇਨਸਾਨ ਕੀ ਹੈ ਭਈ ਤੂੰ ਉਹ ਨੂੰ ਵਡਿਆਵੇਂ, ਅਤੇ ਆਪਣਾ ਦਿਲ ਉਸ ਉੱਤੇ ਲਾਵੇਂ?** ਜ਼ਬੂਰ ਲਿਖਣ ਵਾਲੇ ਨੇ ਵੀ ਇਸੇ ਤਰ੍ਹਾਂ ਦਾ ਸਵਾਲ ਪੁੱਛਿਆ: "ਤਾਂ ਇਨਸਾਨ ਕੀ ਹੈ, ਜੋ ਤੂੰ ਉਸ ਨੂੰ ਚੇਤੇ ਵਿੱਚ ਲਿਆਵੇਂ, ਅਤੇ ਆਦਮੀ ਜਾਇਆ ਕੀ, ਜੋ ਤੂੰ ਉਸ ਦੀ ਸੁੱਧ ਲਵੇਂ?" (ਜ਼ਬੂਰ 8:4)। ਹਾਲਾਂਕਿ, ਜ਼ਬੂਰ ਲਿਖਣ ਵਾਲਾ ਮਨੁੱਖ ਦੇ ਲਈ ਪਰਮੇਸ਼ੁਰ ਦੀ ਮਹਾਨਤਾ ਦੀ ਉਸਤਤ ਕਰ ਰਿਹਾ ਸੀ। ਜ਼ਬੂਰਾਂ ਦੀ ਪੋਥੀ ਵਿਚ ਇਕ ਹੋਰ ਬੰਦ ਵਿਚ, ਉਸ ਦੇ ਨਾਲ ਮਿਲਦਾ ਜੁਲਦਾ ਹੀ ਵਿਚਾਰ ਹੈ ਜੋ ਆਇਤ 17 ਵਿਚ ਹੈ: "ਹੇ ਯਹੋਵਾਹ, ਆਦਮੀ ਕੀ ਹੈ ਜੋ ਤੂੰ ਉਹ ਨੂੰ ਸਿਆਣੇਂ, ਤੇ ਆਦਮ ਦਾ ਵੰਸ ਕੀ ਹੈ, ਜੋ ਤੂੰ ਉਹ ਦਾ ਖਿਆਲ ਕਰੇਂ? ਆਦਮੀ ਸੁਆਸ ਹੀ ਜਿਹਾ ਹੈ, ਉਹ ਦੇ ਦਿਨ ਢਲਦੇ ਸਾਯੇ ਵਰਗੇ ਹਨ" (ਜ਼ਬੂਰ 144:3, 4)।

**ਆਇਤਾਂ 18-21.** ਜਦ ਕਿ ਜ਼ਬੂਰਾਂ ਦੇ ਲਿਖਣ ਵਾਲੇ ਨੇ ਉਸ ਬਾਰੇ ਸੋਚਣ ਲਈ ਪਰਮੇਸ਼ੁਰ ਦੀ ਉਸਤਤ ਕੀਤੀ ਸੀ, ਅੱਯੂਬ ਨੇ ਪਰਮੇਸ਼ੁਰ ਦਾ ਧਿਆਨ ਉਸ ਅਮਿੱਤਰਤਾ ਪੂਰਵਕ ਪ੍ਰੀਖਿਅਕ ਦੇ ਤੌਰ ਤੇ ਮੰਨਿਆ ਜੋ ਸਜ਼ਾ ਨੂੰ ਮਿਟਾਉਂਦਾ ਹੈ। ਉਹ ਚਾਹੁੰਦਾ ਸੀ ਕਿ ਪਰਮੇਸ਼ੁਰ ਉਸ ਦੀ **ਵੱਲ ਵੇਖਣੋਂ ਨਾ ਹਟੇ**। ਉਸ ਨੇ ਆਪਣੇ ਪਾਪ ਅਤੇ ਬਗਾਵਤ ਨੂੰ ਜਾਣਨ ਦੇ ਲਈ ਦੁਹਾਈ ਦਿੱਤੀ ਕਿਉਂਕਿ ਉਸ ਨੇ ਜੀਵਨ ਵਿਚ ਬਦਕਿਸਮਤੀ ਦੇ ਵਿਚਾਰ ਨੂੰ ਵੀ ਪਾਪ ਲਈ ਇਕ ਸਜ਼ਾ ਦੇ ਰੂਪ ਵਿਚ ਸਮਝਿਆ ਸੀ। ਪਰ, ਉਹ ਹੁਣ ਸਮਝ ਗਿਆ ਹੈ ਕਿ ਇਹ ਉਸ ਵਿਅਕਤੀ ਤੇ ਵੀ ਆਉਂਦਾ ਹੈ ਜੋ ਧਰਮੀ ਜੀਵਨ ਜੀਉਂਦਾ ਹੈ। ਅੱਯੂਬ ਦਾ ਮੰਨਣਾ ਸੀ ਕਿ ਉਹ ਪਰਮੇਸ਼ੁਰ ਦੀ ਸਜ਼ਾ ਦਾ **ਨਿਸ਼ਾਨਾ** ਬਣਿਆ ਸੀ; ਉਸ ਨੇ ਮੌਤ ਨੂੰ ਆਪਣੀ ਹਾਲਤ ਦਾ ਇੱਕੋ ਇਕ ਸੰਭਵ ਨਤੀਜਾ ਸਮਝਿਆ।

## ਪ੍ਰਾਸੰਗਿਕਤਾ

### ਪਰਮੇਸ਼ੁਰ ਨਾਲ ਦਿਲੋਂ ਗੱਲ ਕਰਨਾ (ਅਧਿਆਇ 7)

ਪਰਮੇਸ਼ੁਰ ਦੇ ਹਰੇਕ ਬੱਚੇ ਦਾ ਡੂੰਘਾ ਅਤੇ ਅਰਥਪੂਰਨ ਪ੍ਰਾਰਥਨਾ ਜੀਵਨ ਹੋਣਾ ਚਾਹੀਦਾ ਹੈ (ਮੱਤੀ 6:5-13; ਲੂਕਾ 11:1-4; 1 ਕੁਰਿੰਥੀਆਂ 14:15; ਅਫ਼ਸੀਆਂ 6:18; ਫ਼ਿਲਿੱਪੀਆਂ 4:6; 1 ਥੱਸਲੁਨੀਕੀਆਂ 5:17; 1 ਤਿਮੋਥਿਉਸ 2:8; ਯਾਕੂਬ 5:13-18)। ਪ੍ਰਾਰਥਨਾ ਪਰਮੇਸ਼ੁਰ ਦੇ ਦਿਲ ਨੂੰ ਛੂੰਹਦੀ ਅਤੇ ਉਤੇਜਿਤ ਕਰਦੀ ਹੈ। ਇਹ ਸਾਨੂੰ ਤਾਕਤ ਦਿੰਦੀ ਹੈ ਅਤੇ ਸਾਨੂੰ ਪਰਮੇਸ਼ੁਰ ਤੇ ਹੋਰ ਜ਼ਿਆਦਾ ਨਿਰਭਰ ਕਰਦੀ ਹੈ। ਇਹ ਸਾਨੂੰ ਸਾਡੇ ਸੁਰਗੀ ਪਿਤਾ ਨਾਲ ਜੋੜਦੀ ਹੈ। ਸ਼ਕਤੀਸ਼ਾਲੀ ਚੀਜ਼ਾਂ ਹੁੰਦੀਆਂ ਹਨ ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ।

ਸਾਡਾ ਪ੍ਰਭੂ ਪ੍ਰਾਰਥਨਾ ਦੇ ਮਹੱਤਵ ਨੂੰ ਜਾਣਦਾ ਸੀ (ਮਰਕੁਸ 1:35)। ਬਾਈਬਲ ਦੇ ਸਾਰੇ ਮਹਾਨ ਸੇਵਕ ਉਹ ਲੋਕ ਸਨ ਜੋ ਦਿਲੋਂ ਪ੍ਰਾਰਥਨਾ ਕਰਦੇ ਸਨ। ਮੂਸਾ ਯਹੋਵਾਹ ਨਾਲ "ਆਹਮੋ ਸਾਹਮਣੇ ਗੱਲਾਂ ਕਰਦਾ ਸੀ ਜਿਵੇਂ ਕੋਈ ਮਨੁੱਖ ਆਪਣੇ ਸਜਣ ਨਾਲ ਬੋਲਦਾ ਹੈ" (ਕੂਚ 33:11)। ਜਦੋਂ ਨਹਮਯਾਹ ਨੇ ਯਰੂਸ਼ਲਮ ਦੀ ਸਥਿਤੀ ਬਾਰੇ ਸੁਣਿਆ, ਉਸ ਨੇ "ਦਿਨ ਰਾਤ" ਪ੍ਰਾਰਥਨਾ ਕੀਤੀ (ਨਹਮਯਾਹ 1:6)। ਤਿਆਰ ਲੇਖਕ ਅਜ਼ਰਾ ਨੇ "ਵਰਤ ਦਾ ਹੋਕਾ ਦਵਾਇਆ" ਅਤੇ

"ਆਪਣੇ ਲਈ ਤੇ ਆਪਣੇ ਨਿਆਣਿਆਂ ਲਈ ਤੇ ਆਪਣੇ ਸਾਰੇ ਮਾਲ" ਦੀ ਸੁਰੱਖਿਅਤ ਯਾਤਰਾ ਦੇ ਲਈ ਪ੍ਰਾਰਥਨਾ ਕੀਤੀ ਅਤੇ ਬਾਈਬਲ ਕਹਿੰਦੀ ਹੈ ਕਿ ਪਰਮੇਸ਼ੁਰ ਨੇ "ਸਾਡੀ ਸੁਣੀ" (ਅਜ਼ਰਾ 8:21-23)। ਦਾਨੀਏਲ 6:10 ਕਹਿੰਦੀ ਹੈ, "ਜਦ ਦਾਨੀਏਲ ਨੂੰ ਮਲੂਮ ਹੋਇਆ ਕਿ ਉਸ ਲਿਖਤ ਉੱਤੇ ਸਹੀ ਪੈ ਗਈ ਹੈ ਤਾਂ ਉਹ ਆਪਣੇ ਘੱਰ ਵਿੱਚ ਆਇਆ ... ਅਤੇ ਦਿਨ ਵਿੱਚ ਤਿੰਨ ਵਾਰੀ ਗੋਡੇ ਨਿਵਾ ਕੇ ਪਰਮੇਸ਼ੁਰ ਦੇ ਸਾਹਮਣੇ ਜਿਵੇਂ ਅੱਗੇ ਕਰਦਾ ਸੀ ਬੇਨਤੀ ਕੀਤੀ ਅਤੇ ਸ਼ੁਕਰ ਮਨਾਇਆ।" ਦਾਊਦ ਨੇ ਕਿਹਾ, "ਮੈਂ ਯਹੋਵਾਹ ਨੂੰ ਭਾਲਿਆ ਅਤੇ ਉਸ ਨੇ ਮੈਨੂੰ ਉੱਤਰ ਦਿੱਤਾ, ਅਤੇ ਮੇਰਿਆਂ ਸਭਨਾਂ ਭੈਜਲਾਂ ਤੋਂ ਮੈਨੂੰ ਛੁਡਾਇਆ" (ਜ਼ਬੂਰ 34:4)। ਉਸੇ ਬੰਦ ਵਿਚ, ਦਾਊਦ ਨੇ ਅੱਗੇ ਇਹ ਆਖਿਆ, "ਯਹੋਵਾਹ ਦੀਆਂ ਅੱਖੀਆਂ ਧਰਮੀਆਂ ਉੱਤੇ, ਅਤੇ ਉਹ ਦੇ ਕੰਨ ਉਨ੍ਹਾਂ ਦੀ ਦੁਹਾਈ ਵੱਲ ਹਨ। ... ਧਰਮੀ ਦੁਹਾਈ ਦਿੰਦੇ ਹਨ ਅਤੇ ਯਹੋਵਾਹ ਸੁਣਦਾ ਹੈ, ਅਤੇ ਉਨ੍ਹਾਂ ਨੂੰ ਸਾਰਿਆਂ ਦੁਖਾਂ ਤੋਂ ਛੁਡਾਉਂਦਾ ਹੈ" (ਜ਼ਬੂਰ 34:15-17)।

ਅਸੀਂ ਅਕਸਰ ਕਿੰਨੀ ਵਾਰ ਅਤੇ ਕਿੰਨੇ ਜੋਸ਼ ਨਾਲ ਪ੍ਰਾਰਥਨਾ ਕਰਦੇ ਹਾਂ? ਜਦੋਂ ਅਸੀਂ ਪਰਮੇਸ਼ੁਰ ਨਾਲ ਗੱਲ ਕਰਦੇ ਹਾਂ, ਤਾਂ ਅਸੀਂ ਉਸ ਨਾਲ ਆਪਣੇ ਵਿਚਾਰਾਂ, ਭਾਵਨਾਵਾਂ, ਬੇਨਤੀਆਂ, ਪ੍ਰਸ਼ਨਾਂ ਅਤੇ ਚਿੰਤਾਵਾਂ ਨੂੰ ਸਾਂਝਾ ਕਰਨ ਬਾਰੇ ਕਿੰਨੇ ਖੁੱਲ੍ਹੇ ਅਤੇ ਇਮਾਨਦਾਰ ਹਾਂ?

ਅੱਯੂਬ 7:14 ਦੇ ਅਧਾਰ ਤੇ, ਇੰਝ ਲੱਗਦਾ ਹੈ ਜਿਵੇਂ ਅੱਯੂਬ ਨਾ ਸਿਰਫ ਅਲੀਫ਼ਜ਼ ਨਾਲ, ਬਲਕਿ ਪਰਮੇਸ਼ੁਰ ਨਾਲ ਵੀ ਗੱਲ ਕਰ ਰਿਹਾ ਸੀ। ਅਲੀਫ਼ਜ਼ ਨੇ ਅੱਯੂਬ ਨੂੰ ਉਹ ਦਿਲਾਸਾ, ਸਹਾਇਤਾ, ਹੱਲਾਸ਼ੇਰੀ, ਜਾਂ ਜਵਾਬ ਨਹੀਂ ਦਿੱਤੇ ਸਨ ਜਿਨ੍ਹਾਂ ਦੀ ਅੱਯੂਬ ਨੂੰ ਲੋੜ ਸੀ ਅਤੇ ਜਿੰਨਾ ਦੀ ਉਹ ਤਲਾਸ਼ ਕਰ ਰਿਹਾ ਸੀ। ਅੱਯੂਬ ਦਾ ਪਰਮੇਸ਼ੁਰ ਚੁੱਪ ਰਿਹਾ ਸੀ; ਉਹ ਉਸ ਤੋਂ ਬਹੁਤ ਦੂਰ ਜਾਪਦਾ ਸੀ। ਇਸ ਤਰ੍ਹਾਂ ਦੇ ਸਮਿਆਂ ਵਿਚ, ਸਾਨੂੰ ਅੱਯੂਬ ਦੇ ਉਦਾਹਰਣ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਪਰਮੇਸ਼ੁਰ ਨਾਲ ਖੁੱਲ੍ਹ ਕੇ ਅਤੇ ਇਮਾਨਦਾਰੀ ਨਾਲ ਗੱਲ ਕਰਨੀ ਚਾਹੀਦੀ ਹੈ।

*ਅੱਯੂਬ ਨੇ ਇਮਾਨਦਾਰੀ ਨਾਲ ਪ੍ਰਸ਼ਨ ਪੁੱਛੇ।* ਸਾਡੀਆਂ ਪ੍ਰਾਰਥਨਾਵਾਂ ਵਿਚ, ਅਸੀਂ ਪਰਮੇਸ਼ੁਰ ਨੂੰ ਪ੍ਰਸ਼ਨ ਪੁੱਛਦੇ ਹਾਂ। ਸਾਡੇ ਸਾਰਿਆਂ ਕੋਲ ਪ੍ਰਸ਼ਨ ਹਨ। ਸਾਡੀਆਂ ਪ੍ਰਾਰਥਨਾਵਾਂ ਵਿਚ, ਅਸੀਂ ਆਪਣੀਆਂ ਭਾਵਨਾਵਾਂ ਅਤੇ ਨਿਰਾਸ਼ਾਵਾਂ ਨੂੰ ਪਰਮੇਸ਼ੁਰ ਨਾਲ ਕਿੰਨੀ ਇਮਾਨਦਾਰੀ ਨਾਲ ਸਾਂਝਾ ਕਰਦੇ ਹਾਂ? ਡੂੰਘੇ ਦੁੱਖ ਵਿਚ, ਅੱਯੂਬ ਨੇ ਪਰਮੇਸ਼ੁਰ ਨਾਲ ਸੱਚੇ ਦਿਲੋਂ ਗੱਲ ਕੀਤੀ ਅਤੇ ਉਸ ਨਾਲ ਆਪਣੇ ਪ੍ਰਸ਼ਨਾਂ ਅਤੇ ਨਿਰਾਸ਼ਾਵਾਂ ਨੂੰ ਸਾਂਝਾ ਕੀਤਾ। 7:12 ਵਿਚ, ਅੱਯੂਬ ਨੇ ਪਰਮੇਸ਼ੁਰ ਨੂੰ ਪੁੱਛਿਆ, "ਕੀ ਮੈਂ ਸਮੁੰਦਰ ਹਾਂ, ਜਾਂ ਜਲ ਜੰਤੂ, ਭਈ ਤੂੰ ਮੇਰੇ ਉੱਤੇ ਪਹਿਰਾ ਬਿਠਾਉਂਦਾ ਹੈਂ?" ਆਇਤ 17 ਵਿਚ, ਅੱਯੂਬ ਨੇ ਪਰਮੇਸ਼ੁਰ ਨੂੰ ਪੁੱਛਿਆ, "ਇਨਸਾਨ ਕੀ ਹੈ ਭਈ ਤੂੰ ਉਹ ਨੂੰ ਵਡਿਆਵੇਂ, ਅਤੇ ਆਪਣਾ ਦਿਲ ਉਸ ਉੱਤੇ ਲਾਵੇਂ?" ਅੱਯੂਬ ਕਹਿ ਰਿਹਾ ਸੀ ਕਿ ਜੇਕਰ ਪਰਮੇਸ਼ੁਰ ਸੱਚਮੁੱਚ ਉਸ ਦੀ ਪਰਵਾਹ ਕਰਦਾ, ਤਾਂ ਉਹ ਉਸ ਨੂੰ ਇਸ ਭਿਆਨਕ ਤਜਰਬੇ ਤੋਂ ਬਚਾ ਲੈਂਦਾ।

ਜਿਵੇਂ ਕਿ ਉਸ ਨੇ ਅਧਿਆਇ 3 ਵਿਚ ਕੀਤਾ ਸੀ, ਅੱਯੂਬ ਨੇ ਪਰਮੇਸ਼ੁਰ ਨੂੰ ਅੱਗੇ ਵੀ ਪੁੱਛਣਾ ਜਾਰੀ ਰੱਖਿਆ, "ਕਿਉਂ?" 7:20 ਵਿਚ ਅੱਯੂਬ ਨੇ ਪਰਮੇਸ਼ੁਰ ਨੂੰ ਪੁੱਛਿਆ, "ਤੂੰ ਕਿਉਂ ਮੈਨੂੰ ਆਪਣਾ ਨਿਸ਼ਾਨਾ ਬਣਾਇਆ ਹੈ?" (NIV)। ਸਾਡਾ ਪਰਮੇਸ਼ੁਰ ਸਾਡੇ "ਕਿਉਂ" ਪ੍ਰਸ਼ਨਾਂ ਦੇ ਉੱਤਰ ਦੇ ਸਕਦਾ ਹੈ - ਭਾਵੇਂ ਕਿ ਇਸ ਪ੍ਰਸ਼ਨ ਵਿਚ ਅਰਥ ਸਹੀ ਨਹੀਂ ਹੈ। ਆਇਤ 21 ਵਿਚ, ਅੱਯੂਬ ਨੇ ਪਰਮੇਸ਼ੁਰ ਨੂੰ ਪੁੱਛਿਆ, "ਅਤੇ ਤੂੰ ਮੇਰਾ ਅਪਰਾਧ ਕਿਉਂ ਮਾਫ਼ ਨਹੀਂ ਕਰਦਾ?" ਜਦੋਂ ਸਾਨੂੰ "ਕਿਉਂ" ਪ੍ਰਸ਼ਨ ਪੁੱਛਣ ਦੀ ਜ਼ਰੂਰਤ ਹੁੰਦੀ ਹੈ, ਸਾਨੂੰ ਅੱਗੇ ਵਧਣਾ ਚਾਹੀਦਾ ਹੈ ਅਤੇ ਪਰਮੇਸ਼ੁਰ ਕੋਲੋਂ ਉੱਤਰਾਂ ਅਤੇ ਸੂਝ ਦੀ ਮੰਗ ਕਰਨੀ ਚਾਹੀਦੀ ਹੈ।

*ਅੱਯੂਬ ਨੇ ਇਮਾਨਦਾਰੀ ਨਾਲ ਮੰਨ ਲਿਆ ਕਿ ਉਹ ਸੌਣ ਵਿਚ ਅਸਮਰੱਥ ਸੀ।* 7:4 ਵਿਚ, ਅੱਯੂਬ ਨੇ ਇਸ ਗੱਲ ਦਾ ਇਕਰਾਰ ਕੀਤਾ, "ਜਦ ਮੈਂ ਲੰਮਾ ਪੈਂਦਾ ਹਾਂ ਤਾਂ ਮੈਂ ਕਹਿੰਦਾ ਹਾਂ, ਮੈਂ ਕਦ ਉੱਠਾਂਗਾ? ਪਰ ਰਾਤ ਲੰਮੀ ਹੁੰਦੀ ਹੈ, ਅਤੇ ਮੈਂ ਪਹਿ ਫਟੇ ਤੀਕੁਰ ਪਾਸੇ ਲੈਂਦਾ ਥੱਕ ਜਾਂਦਾ ਹਾਂ।" ਰਾਤ ਨੂੰ ਚੰਗੀ ਨੀਂਦ ਲੈਣਾ ਸਾਡੀ ਸਰੀਰਕ ਅਤੇ ਭਾਵਨਾਤਮਕ ਤੰਦਰੁਸਤੀ ਲਈ ਜ਼ਰੂਰੀ ਹੈ। ਬਹੁਤ ਸਾਰੇ ਕਾਰਣ ਹਨ ਕਿ ਕਿਉਂ ਲੋਕਾਂ ਨੂੰ ਅਨੀਂਦਰਾ ਹੁੰਦਾ ਹੈ ਅਤੇ ਉਹ ਸੌਂ ਨਹੀਂ ਸਕਦੇ। ਐਲਰਜੀ, ਖੂਨ ਦਾ ਇਕੱਠਾ ਹੋਣਾ, ਗਠੀਏ ਅਤੇ ਦਰਦ ਵਰਗੀਆਂ ਬਿਮਾਰੀਆਂ ਦੇ ਕਈ ਡਾਕਟਰੀ ਕਾਰਣ ਹਨ। ਖੁਰਾਕ ਸੰਬੰਧੀ ਕਾਰਣਾਂ ਵਿਚ ਬਹੁਤ ਜ਼ਿਆਦਾ ਖੰਡ ਖਾਣਾ ਜਾਂ ਸੌਣ ਤੋਂ ਪਹਿਲਾਂ ਬਹੁਤ ਜ਼ਿਆਦਾ ਕੈਫੀਨ ਪੀਣਾ ਸ਼ਾਮਲ ਹੋ ਸਕਦਾ ਹੈ। ਵਾਤਾਵਰਣ ਕਾਰਣਾਂ ਵਿਚ ਕਮਰੇ ਦਾ ਤਾਪਮਾਨ ਬਹੁਤ ਜ਼ਿਆਦਾ ਗਰਮ, ਠੰਡਾ, ਜਾਂ ਬਹੁਤ ਜ਼ਿਆਦਾ ਘੁਟਨ ਭਰਿਆ ਹੁੰਦਾ ਹੈ। ਭਾਵਨਾਤਮਕ ਕਾਰਣਾਂ ਵਿਚ ਉਦਾਸੀ ਅਤੇ ਚਿੰਤਾ ਸ਼ਾਮਲ ਹੈ। ਤਣਾਅ ਵੀ ਅਕਸਰ ਇਕ ਇਸ ਵਿਚ ਯੋਗਦਾਨ ਦੇਣ ਵਾਲਾ ਇਕ ਕਾਰਕ ਹੁੰਦਾ ਹੈ। ਕਾਰਣ ਭਾਵੇਂ ਜੋ ਮਰਜ਼ੀ ਹੋਣ, ਲੇਟਣਾ ਅਤੇ ਸੌਣ ਵਿਚ ਅਸਮਰੱਥ ਹੋਣਾ, "ਪਹਿ ਫਟੇ ਤੀਕੁਰ ਪਾਸੇ ਲੈਂਦਾ ਲੈਂਦਾ ਥੱਕ ਜਾਣਾ" ਦੁਖੀ ਕਰ ਦੇਣ ਵਾਲਾ ਹੈ।

ਫਿਰ ਵੀ, ਅੱਯੂਬ ਦੀ ਹਾਲਤ ਇਸ ਤਰ੍ਹਾਂ ਦੀ ਸੀ। ਸਰੀਰਕ ਤੌਰ ਤੇ, ਉਹ ਬਹੁਤ ਦੁਖੀ ਸੀ। ਭਾਵਨਾਤਮਕ ਤੌਰ ਤੇ, ਉਹ ਥੱਕ ਚੁੱਕਾ ਸੀ। ਮਾਨਸਿਕ ਤੌਰ ਤੇ, ਉਹ ਉਲਝਣ ਵਿਚ ਸੀ ਅਤੇ ਉਸ ਦੇ ਮਨ ਵਿਚ ਬਹੁਤ ਸਾਰੇ ਪ੍ਰਸ਼ਨ ਸਨ ਜਿਨ੍ਹਾਂ ਦਾ ਉਸ ਨੂੰ ਉੱਤਰ ਨਹੀਂ ਮਿਲਿਆ ਸੀ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਅੱਯੂਬ ਸੌਂ ਨਹੀਂ ਸਕਿਆ। ਅਫ਼ਸੋਸ ਦੀ ਗੱਲ ਹੈ ਕਿ ਅੱਯੂਬ ਇਸ ਸਿੱਟੇ ਤੇ ਪਹੁੰਚ ਗਿਆ ਸੀ ਕਿ ਉਹ "ਅਨਰਥ ਦੇ ਮਹੀਨਿਆਂ ਦਾ ਮਾਲਕ ਬਣਾਇਆ ਗਿਆ" ਅਤੇ ਪਰਮੇਸ਼ੁਰ ਨੇ ਉਸ ਨੂੰ ਬਹੁਤ ਸਾਰੀਆਂ ਦੁਖੀ ਰਾਤਾਂ ਦਿੱਤੀਆਂ ਸਨ (7:3)। ਮੈਂ ਨਹੀਂ ਮੰਨਦਾ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਉਸ ਦੇ ਭੋਲੇ-ਭਾਲੇ, ਅਨਮੋਲ ਬੱਚੇ ਦੁਖੀ ਰਾਤਾਂ ਕੱਟਣ, ਫਿਰ ਵੀ ਇਹੀ ਉਹ ਇਮਾਨਦਾਰੀ ਸੀ ਜਿਸ ਵਿਚ ਅੱਯੂਬ ਨੇ ਆਪਣੇ ਪਰਮੇਸ਼ੁਰ ਨਾਲ ਗੱਲ ਕੀਤੀ। ਅੱਯੂਬ ਲਈ, ਰਾਤ ਬਹੁਤ ਲੰਮੀ ਸੀ।

*ਅੱਯੂਬ ਨੇ ਇਮਾਨਦਾਰੀ ਨਾਲ ਭਵਿੱਖ ਬਾਰੇ ਆਪਣੀ ਲਾਚਾਰੀ ਨੂੰ ਸਾਂਝਾ ਕੀਤਾ।* ਆਇਤ 7 ਵਿਚ, ਅੱਯੂਬ ਨੇ ਸਭ ਤੋਂ ਦੁਖਦਾਈ ਬਿਆਨ ਦਿੱਤਾ ਜੋ ਕੋਈ ਵੀ ਕਦੇ ਵੀ ਦੇ ਸਕਦਾ ਹੈ। ਉਸ ਨੇ ਆਖਿਆ, "ਮੇਰੀ ਅੱਖ ਫੇਰ ਭਲਿਆਈ ਨਹੀਂ ਵੇਖੇਗੀ।" ਉਸ ਨਾਲ ਜੋ ਕੁਝ ਵਾਪਰਿਆ ਸੀ, ਉਸ ਦੇ ਬਾਵਜੂਦ, ਅੱਯੂਬ ਨੂੰ ਵਿਸ਼ਵਾਸ ਨਹੀਂ ਸੀ ਕਿ ਉਹ ਫਿਰ ਕਦੇ ਖੁਸ਼ ਹੋ ਸਕਦਾ ਸੀ। ਯਿਸੂ ਮਸੀਹ ਦੀ ਖੁਸ਼ਖ਼ਬਰੀ ਦੇ ਸੇਵਕ ਵਜੋਂ, ਮੈਂ ਬਹੁਤ ਸਾਰੇ ਲੋਕਾਂ ਦਾ ਸਾਹਮਣਾ ਕੀਤਾ ਜੋ ਮਾਨਸਿਕ ਅਤੇ ਭਾਵਨਾਤਮਕ ਤੌਰ ਤੇ ਇਸ ਮੁਕਾਮ ਤੇ ਪਹੁੰਚੇ ਹਨ। ਕਈਆਂ ਨੇ ਇੰਨਾ ਵੱਡਾ ਨੁਕਸਾਨ ਝੱਲਿਆ ਹੈ ਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਉਹ ਇਸ ਹੱਦ ਤੱਕ ਕਦੇ ਵੀ ਰਾਜ਼ੀ ਨਹੀਂ ਹੋ ਸਕਦੇ ਕਿ ਉਹ ਦੁਬਾਰਾ ਜ਼ਿੰਦਗੀ ਦਾ ਅਨੰਦ ਮਾਣ ਸਕਣ। ਹੋਰ ਕਈ ਆਪਣੇ ਦੁੱਖ ਜਾਂ ਨਿਰਾਸ਼ਾ ਵਿੱਚੋਂ ਬਾਹਰ ਨਿੱਕਲਣ ਦਾ ਕੋਈ ਰਸਤਾ ਨਹੀਂ ਦੇਖਦੇ ਅਤੇ ਇਸ ਲਈ ਉਨ੍ਹਾਂ ਨੇ ਸਾਰੀ ਉਮੀਦ ਗੁਆ ਦਿੱਤੀ ਹੈ ਕਿ ਉਹ ਦੁਬਾਰਾ ਜ਼ਿੰਦਗੀ ਦਾ ਅਨੰਦ ਮਾਣ ਸਕਣਗੇ।

ਇਕ ਦਿਨ ਮੈਂ ਕਾਰ ਤੇ ਦਫ਼ਤਰ ਗਿਆ ਅਤੇ ਪਾਰਕਿੰਗ ਵਿਚ ਹਰ ਜਗ੍ਹਾ ਕਾਰਾਂ ਹੀ ਕਾਰਾਂ ਸਨ। ਦਰਵਾਜੇ ਤੇ ਇਕ ਪੁਲਿਸ ਵਾਲਾ ਖੜ੍ਹਾ ਸੀ। ਜਦੋਂ ਮੈਂ ਪੁੱਛਿਆ ਕਿ ਕੀ ਮੈਂ ਉਸ ਦੀ ਮਦਦ ਕਰ ਸਕਦਾ ਹਾਂ, ਤਾਂ ਉਸ ਨੇ ਮੈਨੂੰ ਇਕ ਵਿਅਕਤੀ ਬਾਰੇ ਦੱਸਿਆ ਜੋ ਸਾਡੀ ਪਾਰਕਿੰਗ ਵਾਲੀ ਜਗ੍ਹਾ ਤੋਂ ਪਾਰ ਇਕ ਵੈਨ ਵਿਚ ਬੈਠਾ ਹੋਇਆ ਸੀ। ਪੁਲਿਸ ਵਾਲੇ ਨੇ ਕਿਹਾ, "ਉਹ ਕਿਸੇ ਸੇਵਕ ਨਾਲ ਗੱਲ ਕਰਨਾ ਚਾਹੁੰਦਾ ਹੈ, ਪਰ ਤੁਹਾਡੇ ਉਸ ਦੇ ਕੋਲ ਨਹੀਂ ਜਾਣਾ ਚਾਹੀਦਾ ਕਿਉਂਕਿ ਉਸ

ਦੇ ਕੋਲ ਬੰਦੂਕ ਹੈ।"

ਮੈਂ ਉਸ ਦੇ ਕੋਲ ਜਾਣ ਦਾ ਫ਼ੈਸਲਾ ਕੀਤਾ ਅਤੇ ਜਦੋਂ ਮੈਂ ਵੈਨ ਦੇ ਨੇੜੇ ਗਿਆ, ਮੈਂ ਵੇਖਿਆ ਕਿ ਉਸ ਵਿਅਕਤੀ ਤੇ ਬੰਦੂਕ ਆਪਣੀ ਸਿਰ ਤੇ ਤਾਣੀ ਹੋਈ ਸੀ। ਮੈਨੂੰ ਨਹੀਂ ਪਤਾ ਸੀ ਕਿ ਮੈਂ ਕੀ ਕਹਾਂ; ਪਰ ਜੋ ਮੇਰੇ ਮੂੰਹੋਂ ਨਿੱਕਲਿਆ ਉਹ ਇਹ ਗੱਲ ਸੀ: "ਮੈਨੂੰ ਨਹੀਂ ਪਤਾ ਕਿ ਤੁਹਾਡੀ ਜ਼ਿੰਦਗੀ ਵਿਚ ਕੀ ਹੋ ਰਿਹਾ ਹੈ, ਪਰ ਮੈਂ ਇਹ ਜ਼ਰੂਰ ਜਾਣਦਾ ਹਾਂ ਕਿ ਪਰਮੇਸ਼ੁਰ ਤੁਹਾਨੂੰ ਪਿਆਰ ਕਰਦਾ ਹੈ।" ਉਸ ਨੇ ਜਵਾਬ ਦਿੱਤਾ, "ਮੇਰੇ ਬੇਟੇ ਨਾਲ ਜੋ ਪਰਮੇਸ਼ੁਰ ਨੇ ਹੋਣ ਦਿੱਤਾ ਹੈ ਉਸ ਤੋਂ ਬਾਅਦ ਮੈਂ ਇਹ ਕਿਵੇਂ ਕਹਿ ਸਕਦਾ ਹਾਂ ਕਿ ਉਹ ਮੈਨੂੰ ਪਿਆਰ ਕਰਦਾ ਹੈ?" ਮੈਨੂੰ ਨਹੀਂ ਪਤਾ ਸੀ ਕਿ ਉਸ ਦੇ ਬੇਟੇ ਨਾਲ ਕੀ ਹੋਇਆ ਸੀ, ਪਰ ਇਹ ਬਹੁਤ ਹੀ ਸਪੱਸ਼ਟ ਸੀ ਕਿ ਇਸ ਵਿਅਕਤੀ ਦੀ ਜ਼ਿੰਦਗੀ ਵਿਚ ਕੁਝ ਦੁਖਦਾਇਕ, ਬੁਰਾ, ਜਾਂ ਦਰਦਨਾਕ ਚੱਲ ਰਿਹਾ ਸੀ ਅਤੇ ਇਹ ਸਪੱਸ਼ਟ ਸੀ ਕਿ ਇਹ ਵਿਅਕਤੀ ਇਸ ਦਾ ਮੁਕਾਬਲਾ ਕਰਨਾ ਨਹੀਂ ਜਾਣਦਾ ਸੀ। ਇਹ ਵੀ ਸਪੱਸ਼ਟ ਸੀ ਕਿ ਇਸ ਵਿਅਕਤੀ ਦੇ ਮਨ ਵਿਚ ਪਰਮੇਸ਼ੁਰ ਦੇ ਪਿਆਰ ਬਾਰੇ ਸ਼ੱਕ ਸਨ। ਉਹ ਉਸ ਦੇ ਬੇਟੇ ਲਈ ਅਤੇ ਖੁਦ ਲਈ ਪਰਮੇਸ਼ੁਰ ਨੂੰ ਦਖ਼ਲਅੰਦਾਜ਼ੀ ਨਾ ਕਰਨ ਅਤੇ ਚੀਜ਼ਾਂ ਨੂੰ ਬਿਹਤਰ ਨਾ ਬਣਾਉਣ ਦੇ ਲਈ ਪਰਮੇਸ਼ੁਰ ਨੂੰ ਦੋਸ਼ੀ ਠਹਿਰਾ ਰਿਹਾ ਸੀ। ਅਫ਼ਸੋਸ ਦੀ ਗੱਲ ਹੈ ਕਿ ਇਹ ਵਿਅਕਤੀ ਇਸ ਮੁਕਾਮ ਤੇ ਪਹੁੰਚ ਗਿਆ ਸੀ ਕਿ ਉਸ ਨੂੰ ਭਵਿੱਖ ਦੇ ਲਈ ਕੋਈ ਆਸ ਨਹੀਂ ਸੀ ਅਤੇ ਉਸ ਨੂੰ ਇਹ ਵੀ ਵਿਸ਼ਵਾਸ ਨਹੀਂ ਸੀ ਕਿ ਉਹ ਅੱਗੇ ਵੱਧ ਸਕਦਾ ਸੀ ਅਤੇ ਫਿਰ ਕਦੇ ਖੁਸ਼ ਹੋ ਸਕਦਾ ਸੀ।

ਮੈਂ ਉਸ ਨੂੰ ਦੱਸਿਆ ਮੈਨੂੰ ਨਹੀਂ ਪਤਾ ਸੀ ਕਿ ਉਸ ਦੇ ਬੇਟੇ ਨਾਲ ਕੀ ਹੋਇਆ ਸੀ, ਪਰ ਜੋ ਕੁਝ ਵੀ ਸੀ, ਪਰਮੇਸ਼ੁਰ ਜਾਣਦਾ ਸੀ ਅਤੇ ਪਰਮੇਸ਼ੁਰ ਉਸ ਦੀ ਪਰਵਾਹ ਕਰਦਾ ਸੀ। ਇਸ ਵਿਅਕਤੀ ਨੇ ਆਖਿਆ, "ਜਦੋਂ ਮੇਰਾ ਬੇਟਾ ਮਰ ਗਿਆ, ਤਾਂ ਪਰਮੇਸ਼ੁਰ ਕਿੱਥੇ ਸੀ?" ਮੈਨੂੰ ਇਕ ਵਾਰ ਇਕ ਉਪਦੇਸ਼ ਵਿਚ ਸੁਣੀ ਇਕ ਟਿੱਪਣੀ ਯਾਦ ਆਈ ਅਤੇ ਮੈਂ ਉਸ ਨੂੰ ਜਵਾਬ ਦਿੱਤਾ, "ਉਹ ਉਦੋਂ ਉੱਥੇ ਹੀ ਸੀ ਜਿੱਥੇ ਉਸ ਦਾ ਬੇਟਾ ਮਰਿਆ ਸੀ।" ਇਸ ਵਿਅਕਤੀ ਨੇ ਆਪਣੀ ਬੰਦੂਕ ਥੱਲੇ ਕਰ ਲਈ ਅਤੇ ਡਿੱਗ ਗਿਆ; ਫਿਰ ਅਧਿਕਾਰੀ ਉਸ ਦੀ ਮਦਦ ਕਰਨ ਦੇ ਯੋਗ ਹੋ ਗਏ।

ਹਾਲਾਂਕਿ ਅੱਯੂਬ ਦੇ ਬਹੁਤ ਸਾਰੇ ਸਿੱਟੇ ਗਲਤ ਸਨ, ਅੱਯੂਬ ਆਪਣੇ ਪ੍ਰਸ਼ਨਾਂ, ਭਾਵਨਾਵਾਂ, ਵਿਚਾਰਾਂ ਅਤੇ ਨਿਰਾਸ਼ਾਵਾਂ ਨੂੰ ਉਸ ਨਾਲ ਸਾਂਝਾ ਕਰਨ ਵਿਚ ਖੁੱਲ੍ਹਾ ਅਤੇ ਇਮਾਨਦਾਰ ਸੀ ਜੋ ਜਾਣਦਾ ਸੀ ਕਿ ਉਸ ਨੇ ਕਿਵੇਂ ਦਾ ਮਹਿਸੂਸ ਕੀਤਾ ਸੀ ਅਤੇ ਉਸ ਨੂੰ ਸੰਭਾਲ ਸਕਦਾ ਸੀ। ਅੱਯੂਬ ਦੇ ਵਾਂਗ, ਸਾਨੂੰ ਆਪਣੀਆਂ ਚਿੰਤਾਵਾਂ ਨੂੰ ਪਰਮੇਸ਼ੁਰ ਕੋਲ ਲਿਆਉਣਾ ਚਾਹੀਦਾ ਹੈ, ਇਹ ਜਾਣਦੇ ਹੋਏ ਕਿ ਉਸ ਸਾਨੂੰ ਪਿਆਰ ਕਰਦਾ ਹੈ ਅਤੇ ਸਾਡੀ ਸਹਾਇਤਾ ਕਰੇਗਾ। ਪਤਰਸ ਨੇ ਲਿਖਿਆ, "ਆਪਣੀ ਸਾਰੀ ਚਿੰਤਾ ਓਸ ਉੱਤੇ ਸੁੱਟ ਛੱਡੋ ਕਿਉਂ ਜੋ ਉਹ ਨੂੰ ਤੁਹਾਡਾ ਫ਼ਿਕਰ ਹੈ" (1 ਪਤਰਸ 5:7; NIV)।

ਐਫ. ਮਿਲਸ

---

ਟਿੱਪਣੀਆਂ

[1]ਐਲਬਰਟ ਬਾਰਨਸ, *ਅੱਯੂਬ,* ਨੋਟਸ ਆਨ ਦਿ ਓਲਡ ਟੈਸਟਾਮੈਂਟ, ਸੰਪਾ, ਰੌਬਰਟ ਫਰਿਊ (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1949), 1:184-85. [2]KJV ਬਾਈਬਲ ਕਈ ਵਾਰ "ਪਤਾਲ" ਦਾ ਅਨੁਵਾਦ "ਨਰਕ" ਕਰਦੀ ਹੈ। ਹਾਲਾਂਕਿ ਇਹ ਪੇਸ਼ਕਾਰੀ ਪੁਰਾਣੇ ਨੇਮ ਦੇ ਸ਼ਬਦ ਨੂੰ ਬਹੁਤ ਜ਼ਿਆਦਾ ਮਹੱਤਵ ਦਿੰਦੀ ਹੈ। NASB ਬਾਈਬਲ "ਪਤਾਲ" ਲਈ "ਨਰਕ" ਨਹੀਂ ਵਰਤਦੀ। ਇਸ ਤੋਂ ਇਲਾਵਾ, "ਨਰਕ" ਲਈ ਨਵੇਂ ਨੇਮ ਦਾ ਸ਼ਬਦ γέεννα

*(ਗੀਹੀਨਾ)* ਹੈ, "ਹੇਡਸ" ਨਹੀਂ। [3]ਹੋਮਰ ਹੇਲੀ, ***ਏ ਕਮੈਂਟਰੀ ਆਨ ਅੱਯੂਬ*** (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 81. [4]ਉਸੇ ਸਥਾਨ ਤੇ। [5]ਉਸੇ ਸਥਾਨ ਤੇ। [6]ਜੌਨ ਈ. ਹਾਰਟਲੀ, ***ਦ ਬੁਕ ਆਫ਼ ਅੱਯੂਬ,*** ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 149, ਨੰ. 11. ਵੇਖੋ 26:12; ਜ਼ਬੂਰ 74:13; ਯਸਾਯਾਹ 51:9, 10. [7]ਫ੍ਰਾਂਸਿਸ ਬਰਾਊਨ, ਐਸ. ਆਰ. ਡਰਾਈਵਰ ਅਤੇ ਚਾਰਲਸ ਏ. ਬਰਿੱਗਸ, ***ਏ ਹਿਬਰਿਊ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*** (ਆਕਸਫੋਰਡ: ਕਲੈਰਨਡਨ ਪ੍ਰੈਸ, 1968), 1038. [8]ਐਚ. ਐਚ. ਰਾਊਲੀ, ***ਅੱਯੂਬ,*** ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 80.